www.deshpardeshtimes.com

ਦੇਸ਼ ਪ੍ਰਦੇਸ਼ ਟਾਈਮਜ਼

# ਖਾਲਸਾ ਕਾਲਜ ਵਿਖੇ 7 ਰੋਜ਼ਾ ਫੈਕਲਟੀ ਡਿਵਲਪਮੈਂਟ ਪ੍ਰੋਗਰਾਮ ਹੋਇਆ ਸਮਾਪਤ

## ਅੰਤਰਰਾਸ਼ਟਰੀ ਪੱਧਰ ਦੇ ਵਿਦਵਾਨਾਂ ਵੱਲੋਂ ਅੰਗਰੇਜ਼ੀ ਭਾਸ਼ਾ ਤੇ ਸਾਹਿਤ ਵਿਚ ਮੌਜੂਦਾ ਪ੍ਰਵਿਰਤੀਆਂ ਸੰਬੰਧੀ ਕੀਤੀਆਂ ਗਈਆਂ ਵਿਚਾਰਾਂ

ਸ੍ਰੀ ਆਨੰਦਪੁਰ ਸਾਹਿਬ, 16 ਜਨਵਰੀ (ਜੋਗਿੰਦਰ ਰਾਣਾ ) - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ (ਆਟੋਨੋਮਸ ਕਾਲਜ) ਦੇ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ 7 ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅੱਜ ਸਮਾਪਤ ਹੋ ਗਿਆ। ਅੰਗਰੇਜ਼ੀ ਭਾਸ਼ਾ ਤੇ ਸਾਹਿਤ ਵਿਚ ਮੌਜੂਦਾ ਦੌਰ ਦੀਆਂ ਪ੍ਰਵਿਰਤੀਆਂ ਤੇ ਕਰਵਾਏ ਗਏ ਇਸ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦੀ ਸ਼ੁਰੂਆਤ 10 ਜਨਵਰੀ ਨੂੰ ਹੋਈ ਸੀ। ਅੱਜ ਇਸ ਪ੍ਰੋਗਰਾਮ ਦੇ ਅਖੀਰਲੇ ਦਿਨ ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਅਤੇ ਵਿਦੇਸ਼ਾਂ ਤੋਂ ਆਨਲਾਈਨ ਮਾਧਿਅਮ ਰਾਹੀਂ ਜੁੜੇ ਬੁਲਾਰਿਆਂ , ਵੱਖ-ਵੱਖ ਯੂਨੀਵਰਸਿਟੀਆਂ ਕਾਲਜਾਂ ਦੇ ਪ੍ਰੋਫੈਸਰਾਂ ਤੇ ਖੋਜਾਰਥੀਆਂ ਦਾ ਇਸ ਪ੍ਰੋਗਰਾਮ ਦੇ ਨਾਲ ਜੁੜਨ ਲਈ ਧੰਨਵਾਦ ਕੀਤਾ। ਉਹਨਾਂ ਜਿੱਥੇ ਗੁਰੂ ਨਗਰੀ ਵਿੱਚ ਚੱਲ ਰਹੇ ਇਸ ਕਾਲਜ ਦੇ ਇਤਿਹਾਸ ਤੇ ਚਾਨਣਾ ਪਾਇਆ ਉੱਥੇ ਹੀ ਕਾਲਜ ਦੇ ਅੰਗਰੇਜ਼ੀ ਵਿਭਾਗ ਵੱਲੋਂ ਅੰਗਰੇਜ਼ੀ ਭਾਸ਼ਾ ਅਤੇ ਅੰਗਰੇਜ਼ੀ ਸਾਹਿਤ ਦੇ ਨਾਲ ਸੰਬੰਧਿਤ ਇਸ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦੇ ਆਯੋਜਨ ਲਈ ਸਮੁੱਚੇ ਵਿਭਾਗ ਨੂੰ ਵਧਾਈ ਵੀ ਦਿੱਤੀ। ਉਧਰ ਇਸ ਮੌਕੇ ਤੇ ਕਾਲਜ ਦੇ ਪੋਸਟ ਗਰੈਜੂਏਟ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਗੁਰਪ੍ਰੀਤ ਕੌਰ ਨੇ ਇਸ 7 ਰੋਜ਼ਾ ਫੈਕਲਟੀ ਡਿਵੈਲਮੈਂਟ ਪ੍ਰੋਗਰਾਮ ਸਬੰਧੀ ਪਿਛਲੇ ਦਿਨਾਂ ਦਾ ਲੇਖਾ ਜੋਖਾ ਸਾਂਝਾ ਕੀਤਾ ਤੇ ਵੱਖ-ਵੱਖ ਮਾਧਿਅਮਾਂ ਰਾਹੀਂ ਦੇਸ਼ਾਂ-ਵਿਦੇਸ਼ਾਂ ਤੋਂ ਜੁੜੇ ਪ੍ਰੋਫੈਸਰਾਂ, ਰਿਸਰਚ ਸਕਾਲਰਾਂ ਦਾ ਧੰਨਵਾਦ ਵੀ ਕੀਤਾ। ਜ਼ਿਕਰਯੋਗ ਹੈ ਕਿ ਇਸ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਕਾਲਜਾਂ, ਯੂਨੀਵਰਸਿਟੀਆਂ ਦੇ 1300 ਦੇ ਕਰੀਬ ਪ੍ਰੋਫੈਸਰਾਂ ਤੇ ਰਿਸਰਚ ਸਕਾਲਰਜ਼ ਨੇ ਭਾਗ ਲਿਆ । ਇਸ ਪ੍ਰੋਗਰਾਮ 'ਚ ਗੂਗਲ ਮੀਟ, ਫੇਸਬੁੱਕ ਤੇ ਯੂਟਿਊਬ ਰਾਹੀਂ ਹਿੱਸਾ ਬਣੇ ਲੋਕਾਂ ਨੇ ਇਸ ਪ੍ਰੋਗਰਾਮ ਨਾਲ ਸੰਬੰਧਿਤ ਵਿਸ਼ੇ ਤੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਪ੍ਰੋਗਰਾਮ ਦੇ ਆਖਰੀ ਦਿਨ ਜੀਜੀਐਨ ਖਾਲਸਾ ਕਾਲਜ ਲੁਧਿਆਣਾ ਤੋਂ ਐਸੋਸੀਏਟ ਪ੍ਰੋਫੈਸਰ ਡਾ. ਸੁਸਮਿੰਦਰਜੀਤ ਕੌਰ ਤੇ ਪੰਜਾਬੀ



ਯੂਨੀਵਰਸਿਟੀ ਪਟਿਆਲਾ ਦੇ ਰਿਜਨਲ ਕੈਂਪਸ ਬਠਿੰਡਾ ਤੋਂ ਡਾ.ਅਜੇ ਵਰਮਾ ਨੇ ਮੁੱਖ ਵਕਤਾ ਦੇ ਤੌਰ ਤੇ ਅੰਗਰੇਜ਼ੀ ਭਾਸ਼ਾ ਤੇ ਸਾਹਿਤ ਵਿੱਚ ਮੌਜੂਦਾ ਸਮੇਂ ਦੀਆਂ ਪ੍ਰਵਿਰਤੀਆਂ ਵਿਸ਼ੇ ਤੇ ਭਰਭੂਰ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਪ੍ਰੋਫੈਸਰ ਦਿਲਸ਼ੇਰਬੀਰ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ ਤੇ ਡਾ. ਬਲਜੀਤ ਸਿੰਘ ਚਾਨਾ ਵੱਲੋਂ ਸਾਰੇ ਮਹਿਮਾਨਾਂ ਦਾ ਰਸਮੀ ਧੰਨਵਾਦ ਕੀਤਾ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਕੰਪਿਊਟਰ ਵਿਭਾਗ ਦੇ ਮੁਖੀ ਡਾ. ਸੁਰਿੰਦਰ ਕੁਮਾਰ, ਪ੍ਰੋ. ਪਰਵਿੰਦਰ ਕੌਰ, ਡਾ.ਗੁਰਪ੍ਰੀਤ ਕੌਰ ਰੇਖੀ, ਪ੍ਰੋ. ਕੋਮਲ, ਪ੍ਰੋ. ਮਨਸਿਮਰਨ, ਪ੍ਰੋ.ਪ੍ਰੀਆ ਸ਼ਰਮਾ, ਪ੍ਰੋ.ਨੇਹਾ, ਪ੍ਰੋ. ਦਰਸ਼ਪਰੀਤ ਕੌਰ ਤੇ ਕਾਲਜ ਦਾ ਸਮੁੱਚਾ ਸਟਾਫ ਮੌਜੂਦ ਰਿਹਾ।

# ਖਾਲਸਾ ਕਾਲਜ ਵਿਖੇ 7 ਰੋਜ਼ਾ ਫੈਕਲਟੀ ਡਿਵਲਪਮੇਂਟ ਪ੍ਰੋਗਰਾਮ ਹੋਇਆ ਸਮਾਪਤ

## ਅੰਤਰਰਾਸਟਰੀ ਪੱਧਰ ਦੇ ਵਿਦਵਾਨਾਂ ਵੱਲੋਂ ਅੰਗਰੇਜੀ ਭਾਸਾ ਤੇ ਸਾਹਿਤ ਵਿਚ ਮੌਜੂਦਾ ਪ੍ਰਵਿਰਤੀਆਂ ਸੰਬੰਧੀ ਕੀਤੀਆਂ ਗਈਆਂ ਵਿਚਾਰਾਂ

**ਆਜ਼ਾਦ ਸੋਚ, ਅੰਕੁਸ਼ ਕੁਮਾਰ, ਸ੍ਰੀ ਅਨੰਦਪੁਰ ਸਾਹਿਬ, 16 ਜਨਵਰੀ**

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ (ਆਟੋਨੋਮਸ ਕਾਲਜ) ਦੇ ਪੋਸਟ ਗ੍ਰੈਜੂਏਟ ਅੰਗਰੇਜੀ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ 7 ਰੋਜਾ ਫੈਕਲਟੀ ਡਿਵੈਲਪਮੇਂਟ ਪ੍ਰੋਗਰਾਮ ਅੱਜ ਸਮਾਪਤ ਹੋ ਗਿਆ। ਅੰਗਰੇਜੀ ਭਾਸਾ ਤੇ ਸਾਹਿਤ ਵਿਚ ਮੌਜੂਦਾ ਦੌਰ ਦੀਆਂ ਪ੍ਰਵਿਰਤੀਆਂ ਤੇ ਕਰਵਾਏ ਗਏ ਇਸ ਫੈਕਲਟੀ ਡਿਵੈਲਪਮੇਂਟ ਪ੍ਰੋਗਰਾਮ ਦੀ ਸੁਰੂਆਤ 10 ਜਨਵਰੀ ਨੂੰ ਹੋਈ ਸੀ। ਅੱਜ ਇਸ ਪ੍ਰੋਗਰਾਮ ਦੇ ਅਖੀਰਲੇ ਦਿਨ ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਅਤੇ ਵਿਦੇਸਾਂ ਤੋਂ ਆਨਲਾਈਨ ਮਾਧਿਅਮ ਰਾਹੀਂ ਜੁੜੇ ਬੁਲਾਰਿਆਂ , ਵੱਖ-ਵੱਖ ਯੂਨੀਵਰਸਟੀਆਂ ਕਾਲਜਾਂ ਦੇ ਪ੍ਰੋਫੈਸਰਾਂ ਤੇ ਖੋਜਾਰਥੀਆਂ ਦਾ ਇਸ ਪ੍ਰੋਗਰਾਮ ਦੇ ਨਾਲ ਜੁੜਨ ਲਈ ਧੰਨਵਾਦ ਕੀਤਾ। ਉਹਨਾਂ ਜਿੱਥੇ ਗੁਰੂ ਨਗਰੀ ਵਿੱਚ ਚੱਲ ਰਹੇ ਇਸ ਕਾਲਜ ਦੇ ਇਤਿਹਾਸ ਤੇ ਚਾਨਣਾ ਪਾਇਆ ਉੱਥੇ ਹੀ ਕਾਲਜ ਦੇ ਅੰਗਰੇਜੀ ਵਿਭਾਗ ਵੱਲੋਂ ਅੰਗਰੇਜੀ ਭਾਸਾ ਅਤੇ ਅੰਗਰੇਜੀ ਸਾਹਿਤ ਦੇ ਨਾਲ ਸੰਬੰਧਿਤ ਇਸ ਫੈਕਲਟੀ ਡਿਵੈਲਪਮੇਂਟ ਪ੍ਰੋਗਰਾਮ ਦੇ ਆਯੋਜਨ ਲਈ ਸਮੁੱਚੇ ਵਿਭਾਗ ਨੂੰ ਵਧਾਈ ਵੀ ਦਿੱਤੀ। ਉਧਰ ਇਸ ਮੌਕੇ ਤੇ ਕਾਲਜ ਦੇ ਪੋਸਟ ਗਰੈਜੂਏਟ ਅੰਗਰੇਜੀ ਵਿਭਾਗ ਦੇ ਮੁਖੀ ਡਾ. ਗੁਰਪ੍ਰੀਤ ਕੌਰ ਨੇ ਇਸ 7 ਰੋਜਾ ਫੈਕਲਟੀ ਡਿਵੈਲਮੇਂਟ ਪ੍ਰੋਗਰਾਮ ਸਬੰਧੀ ਪਿਛਲੇ ਦਿਨਾਂ ਦਾ ਲੇਖਾ ਜੋਖਾ ਸਾਂਝਾ ਕੀਤਾ ਤੇ ਵੱਖ-ਵੱਖ ਮਾਧਿਅਮਾਂ ਰਾਹੀਂ ਦੇਸਾਂ-ਵਿਦੇਸਾਂ ਤੋਂ ਜੁੜੇ ਪ੍ਰੋਫੈਸਰਾਂ, ਰਿਸਰਚ ਸਕਾਲਰਾਂ ਦਾ ਧੰਨਵਾਦ ਵੀ ਕੀਤਾ। ਗੌਰਤਲਬ ਹੈ ਕਿ ਇਸ ਫੈਕਲਟੀ ਡਿਵੈਲਪਮੇਂਟ ਪ੍ਰੋਗਰਾਮ ਵਿੱਚ ਕਾਲਜਾਂ, ਯੂਨੀਵਰਸਿਟੀਆਂ ਦੇ 1300 ਦੇ ਕਰੀਬ ਪ੍ਰੋਫੈਸਰਾਂ ਤੇ ਰਿਸਰਚ ਸਕਾਲਰਜ ਨੇ ਭਾਗ ਲਿਆ । ਇਸ ਪ੍ਰੋਗਰਾਮ 'ਚ ਗੂਗਲ ਮੀਟ, ਫੇਸਬੁੱਕ ਤੇ ਯੂਟਿਊਬ ਰਾਹੀਂ ਹਿੱਸਾ ਬਣੇ ਲੋਕਾਂ ਨੇ ਇਸ ਪ੍ਰੋਗਰਾਮ ਨਾਲ ਸੰਬੰਧਿਤ ਵਿਸ਼ੇ ਤੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਪ੍ਰੋਗਰਾਮ ਦੇ ਆਖਰੀ ਦਿਨ ਜੀਜੀਐਨ ਖਾਲਸਾ ਕਾਲਜ ਲੁਧਿਆਣਾ ਤੋਂ ਐਸੋਸੀਏਟ ਪ੍ਰੋਫੈਸਰ ਡਾ. ਸੁਸਮਿੰਦਰਜੀਤ ਕੌਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰਿਜਨਲ ਕੈਂਪਸ ਬਠਿੰਡਾ ਤੋਂ ਡਾ.ਅਜੇ ਵਰਮਾ ਨੇ ਮੁੱਖ ਵਕਤਾ ਦੇ ਤੌਰ ਤੇ ਅੰਗਰੇਜੀ ਭਾਸਾ ਤੇ ਸਾਹਿਤ ਵਿੱਚ ਮੌਜੂਦਾ ਸਮੇਂ ਦੀਆਂ ਪ੍ਰਵਿਰਤੀਆਂ ਵਿਸੇ ਤੇ ਅਰਥ ਭਰਭੂਰ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਪ੍ਰੋਫੈਸਰ ਦਿਲਸੇਰਬੀਰ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ ਤੇ ਡਾ. ਬਲਜੀਤ ਸਿੰਘ ਚਾਨਾ ਵੱਲੋਂ ਸਾਰੇ ਮਹਿਮਾਨਾਂ ਦਾ ਰਸਮੀ ਧੰਨਵਾਦ ਕੀਤਾ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਕੰਪਿਊਟਰ ਵਿਭਾਗ ਦੇ ਮੁਖੀ ਡਾ. ਸੁਰਿੰਦਰ ਕੁਮਾਰ, ਪ੍ਰੋ. ਪਰਵਿੰਦਰ ਕੌਰ, ਡਾ.ਗੁਰਪ੍ਰੀਤ ਕੌਰ ਰੇਖੀ, ਪ੍ਰੋ. ਕੋਮਲ, ਪ੍ਰੋ. ਮਨਸਿਮਰਨ, ਪ੍ਰੋ.ਪ੍ਰੀਆ ਸਰਮਾ, ਪ੍ਰੋ.ਨੇਹਾ, ਪ੍ਰੋ. ਦਰਸਪਰੀਤ ਕੌਰ ਤੇ ਕਾਲਜ ਦਾ ਸਮੁੱਚਾ ਸਟਾਫ ਮੌਜੂਦ ਰਿਹਾ।

